# ਨਾਮੁ ਨ ਜਪਹਿ ਤੇ ਆਤਮ ਘਾਤੀ

**ਗਉੜੀ ਮਹਲਾ ੫ ॥**
**ਦੁਲਭ ਦੇਹ ਪਾਈ ਵਡਭਾਗੀ॥**
**ਨਾਮੁ ਨ ਜਪਹਿ ਤੇ ਆਤਮ ਘਾਤੀ॥੧॥**

ਇਹ ਸ਼ਬਦ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ ਗਉੜੀ ਰਾਗ ਵਿਚ ਉਚਾਰਣ ਕੀਤਾ ਹੋਇਆ ਹੈ ਅਤੇ ਅੰਕ ੧੮੮ ਤੇ ਅੰਕਿਤ ਹੈ। ਇਸ ਸ਼ਬਦ ਵਿਚ ਮਹਾਰਾਜ ਖ਼ਬਰਦਾਰ ਕਰਦੇ ਹਨ ਕਿ ਇਹ ਮਨੁਖਾ ਜੀਵਨ ਬਹੁਤ ਹੀ ਦੁਰਲਭ ਹੈ। ਇਸ ਨੂੰ ਅਜਾਈਂ ਨਾ ਗਵਾਓ।

- ਪੰਚਮ ਪਾਤਸ਼ਾਹ ਦਾ ਫ਼ੁਰਮਾਣ ਹੈ ਕਿ ਪ੍ਰਭੂ ਨੇ ਇਹ ਸ੍ਰਿਸ਼ਟੀ ਸਾਜੀ ਹੈ ਅਤੇ ਇਸ ਵਿਚ ਚੁਰਾਸੀ ਲਖ ਤਰ੍ਹਾਂ ਦੇ ਜੀਵ ਸਾਜੇ ਹਨ। ਜੀਵ ਨੂੰ ਇਹੀ ਬੰਧਨ ਹੈ ਕਿ ਉਸ ਨੂੰ ਇਨ੍ਹਾਂ ਸਾਰੀਆਂ ਜੂਨਾਂ ਵਿਚੋਂ ਲੰਘਣਾ ਪੈਂਦਾ ਹੈ ਤਾਂ ਕਿਤੇ ਜਾ ਕੇ ਉਸ ਨੂੰ ਮਨੁਖਾ ਜਨਮ ਪ੍ਰਾਪਤ ਹੁੰਦਾ ਹੈ। ਇਸ ਲਈ ਇਹ ਮਨੁਖਾ ਜਨਮ ਦੁਰਲਭ ਹੈ ਅਤੇ ਵਡੇ ਭਾਗਾਂ ਨਾਲ ਮਿਲਦਾ ਹੈ।

ਇਕ ਹੀ ਸਾਰੀਆਂ ਜੂਨਾਂ ਦਾ ਗੇੜ ਕਈ ਜੁਗਾਂ ਦਾ ਹੋ ਜਾਂਦਾ ਹੈ ਜੋ ਮੁਕਣਾ ਬਹੁਤ ਔਖਾ ਹੁੰਦਾ ਹੈ। ਕਰਮ ਵਿਧਾਨ ਅਨੁਸਾਰ ਜੀਵ ਜਿਸ ਤਰ੍ਹਾਂ ਦੇ ਕਰਮ ਕਰਦਾ ਹੈ ਉਹੋ ਜਿਹਾ ਉਸਨੂੰ ਜਨਮ ਪਰਾਪਤ ਹੋ ਜਾਂਦਾ ਹੈ। ਇਸ ਵਿਧਾਨ ਵਲ ਕੁਝ ਕੁ ਇਸ਼ਾਰੇ ਗੁਰਬਾਣੀ ਵਿਚ ਮਿਲਦੇ ਹਨ ਜਿਵੇਂ ਭਗਤ ਤ੍ਰਿਲੋਚਨ ਜੀ ਦਾ, ਪੰਨਾ ੫੨੬ ਤੇ ਸ਼ਬਦ ਹੈ ਜਿਸ ਵਿਚ ਇਸ਼ਾਰੇ ਮਾਤਰ, ਚਾਰ ਤਰ੍ਹਾਂ ਦੀਆਂ ਜੂਨਾਂ ਵਿਚ ਪੈਣ ਦਾ ਵਿਧਾਨ ਦਸਿਆ ਗਿਆ ਹੈ - 'ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥ ਸਰਪ ਜੋਨਿ ਵਲਿ ਵਲਿ ਅਉਤਰੈ॥' ਇਸ ਸ਼ਬਦ ਵਿਚ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਮਨੁਖ ਦੀ ਸੋਚ ਹੀ ਅਗਲੇ ਜਨਮ ਦੀ ਕਿਸਮ ਨਿਰਧਾਰਤ ਕਰਦੀ ਹੈ। ਪੰਨਾ ੧੪੦੩ ਤੇ, ਵੀ ਦਸਿਆ ਗਿਆ ਹੈ ਕਿ ਗੁਰ-ਜੋਤਿ ਵਲੋਂ ਕਰਤੇ ਦੇ ਰੂਪ ਵਿਚ, ਚੁਰਾਸੀ ਲਖ ਜੂਨਾਂ ਪੈਦਾ ਕੀਤੀਆਂ ਗਈਆਂ ਹਨ ਅਤੇ ਉਹ ਸਭ ਨੂੰ ਰਿਜ਼ਕ ਵੀ ਦਿੰਦਾ ਹੈ - 'ਚਵਰਾਸੀਹ ਲਖ ਜੋਨਿ ਉਪਾਈ ਰਿਜਕ ਦੀਆ ਸਭ ਹੂ ਕਉ ਤਦ ਕਾ॥' ਭਗਤ ਕਬੀਰ ਜੀ ਨੇ ਪੰਨਾ ੩੩੮ ਤੇ ਤਾਂ ਇਥੋਂ ਤਕ ਦਸ ਦਿਤਾ ਕਿ ਹਰ ਜੀਵ ਕਦੇ ਨਾ ਕਦੇ, ਇਸ ਗੇੜ ਵਿਚੋਂ ਲੰਘ ਕੇ ਆਇਆ ਹੁੰਦਾ ਹੈ। ਉਨ੍ਹਾਂ ਨੇ ਸ੍ਰੀ ਕ੍ਰਿਸ਼ਨ ਜੀ ਦੇ ਪਿਤਾ ਨੰਦ ਜੀ ਦੀ ਮਿਸਾਲ ਵੀ ਦੇ ਦਿਤੀ ਹੈ - 'ਲਖ ਚਉਰਾਸੀਹ ਜੀਅ ਜੋਨਿ ਮਹਿ ਭ੍ਰਮਤ ਨੰਦ ਬਹੁ ਥਾਕੋ ਰੇ ॥ ਭਗਤ ਹੇਤਿ ਅਵਤਾਰੁ ਲੀਓ ਹੈ ਭਾਗੁ ਬਡੋ ਬਪੁਰਾ ਕੋ ਰੇ॥' ਉਸ ਦੇ ਘਰ ਮਹਾਰਾਜ ਦੇ ਅਵਤਾਰ ਲੈਣ ਕਰ ਕੇ ਉਸ ਦੇ ਭਾਗ ਖੁਲ ਗਏ।

- ਦੁਰਲਭ ਮਨੁਖਾ ਜਨਮ ਪ੍ਰਾਪਤ ਕਰ ਕੇ ਵੀ ਜੋ ਨਾਮ ਨਹੀਂ ਜਪਦੇ ਉਹ ਆਤਮ ਹਤਿਆ ਕਰਦੇ ਹਨ।੧।

ਪਾਤਸ਼ਾਹ, ਪੰਨਾ ੨੩੯ ਤੇ ਵੀ ਇਹੀ ਬਚਨ ਕਰਦੇ ਹਨ - 'ਬਿਨੁ ਸਿਮਰਨ ਹੈ ਆਤਮ ਘਾਤੀ॥ ਸਾਕਤ ਨੀਚ ਤਿਸੁ ਕੁਲੁ ਨਹੀ ਜਾਤੀ॥' ਅਤੇ ਹਰੀ ਦੇ ਸਿਮਰਨ ਤੋਂ ਬਿਨਾਂ ਜੋ ਮਾਇਆ, ਦੇਵਤਿਆਂ ਆਦਿ ਨੂੰ ਜਪਦੇ ਰਹਿੰਦੇ ਹਨ ਉਹ ਆਤਮ ਘਾਤੀ ਹਨ - 'ਕ੍ਰਿਪਾ ਨਿਧਿ ਛੋਡਿ ਆਨ ਕਉ ਪੂਜਹਿ ਆਤਮ ਘਾਤੀ ਹਰਤੇ॥' ਪੰਨਾ ੧੨੬੭. ਕਿਉਂਕਿ ਬਾਣੀ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਦਾ ਫੁਰਮਾਣ ਹੈ ਕਿ ਉਹੀ ਜਿਊਂਦਾ ਹੈ ਜਿਸ ਦੇ ਹਿਰਦੇ ਵਿਚ ਵਾਹਗੁਰੂ ਵਸਿਆ ਹੈ, ਭਾਵ ਇਤਨਾ ਵਾਹਗੁਰੂ ਵਾਹਗੁਰੂ ਕੀਤਾ ਕਿ ਵਾਹਗੁਰੂ ਦਾ ਰੂਪ ਹੀ ਹੋ ਨਿਬੜਿਆ। ਇਸ ਤੋਂ ਇਲਾਵਾ ਹੋਰ ਕੋਈ ਨਹੀਂ ਜਿਉਂਦਾ, ਭਾਵ, ਸਭ ਮੁਰਦੇ ਹਨ- 'ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥ ਨਾਨਕ ਅਵਰੁ ਨ ਜੀਵੈ ਕੋਇ॥', ਅੰਕ ੧੪੨ ਅਤੇ ਅਜਿਹੇ ਆਤਮ ਘਾਤੀ ਨੂੰ ਸ੍ਰੀ ਗੁਰੂ ਅਮਰਦਾਸ ਸਾਹਿਬ ਨੇ, ਪੰਨਾ ੧੧੭ ਤੇ, ਇਤਨਾ ਮਾੜਾ

ਕੰਮ ਕਰਣ ਵਾਲਾ ਕਿਹਾ ਹੈ ਜਿਤਨਾ ਕਿ ਸਾਰੇ ਜਗਤ ਦਾ ਕਸਾਈ ਹੋਣਾ, ਘਾਤਕ ਹੋਣਾ - '**ਆਤਮ ਘਾਤੀ ਹੈ ਜਗਤ ਕਸਾਈ॥**'

ਗੁਰਬਾਣੀ ਵਿਚ, ਸ੍ਰੀ ਗੁਰੂ ਅਰਜਨ ਸਾਹਿਬ ਦਾ, ਪੰਨਾ ੧੭੬ ਤੇ, ਫ਼ੁਰਮਾਣ ਹੈ ਕਿ ਇਤਨੀਆਂ ਜੂਨਾਂ ਵਿਚ ਭਟਕਣ ਤੋਂ ਬਾਅਦ, ਇਤਨੇ ਕੀਮਤੀ ਮਨੁਖਾ ਜਨਮ ਨੂੰ ਪਰਮਾਤਮਾ ਦੀ ਪ੍ਰਾਪਤੀ ਕਰਣ ਲਈ, ਇਕ ਮੌਕਾ ਦਸਿਆ ਹੈ- 'ਮਿਲੁ ਜਗਦੀਸ ਮਿਲਨ ਕੀ ਬਰੀਆ॥ ਚਿਰੰਕਾਲ ਇਹ ਦੇਹ ਸੰਜਰੀਆ॥' ਅਸੀਂ ਰੋਜ਼ਾਨਾ ਪਾਤਸ਼ਾਹ ਦਾ ਫ਼ੁਰਮਾਣ, ਰਹਿਰਾਸ ਸਾਹਿਬ ਵਿਚ ਪੜ੍ਹਦੇ ਹਾਂ - 'ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥ ਅਵਰਿ ਕਾਜ ਤੇਰੈ ਕਿਤੈ ਨ ਕਾਮ॥ ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ॥' ਇਹ ਜਨਮ ਵਾਹਗੁਰੂ ਨੂੰ ਮਿਲਣ ਲਈ ਇਕ ਮੌਕਾ ਮਿਲਿਆ ਹੈ। ਹੁਣ ਸਾਧੂ ਦੀ ਸੰਗਤਿ ਕਰਣ ਅਤੇ ਨਾਮ ਜਪਣ ਤੋਂ ਇਲਾਵਾ ਸਾਡਾ ਹੋਰ ਕੋਈ ਵੀ ਕੰਮ, ਗੋਬਿੰਦ ਨਾਲ ਮਿਲਾਪ ਹਾਸਲ ਕਰਣ ਲਈ ਕੰਮ ਨਹੀਂ ਆਉਣਾ। ਤਾਂ ਹੀ ਤਾਂ ਸਾਰੀ ਗੁਰਬਾਣੀ, ਇਹੀ ਦੋਨਾਂ ਕੰਮਾਂ ਨੂੰ ਕਰਣ ਲਈ, ਵਾਰ ਵਾਰ ਕੂਕਦੀ ਹੈ।

**ਮਰਿ ਨ ਜਾਹੀ ਜਿਨਾ ਬਿਸਰਤ ਰਾਮ॥**
**ਨਾਮ ਬਿਹੂਨ ਜੀਵਨ ਕਉਨ ਕਾਮ॥੧॥ਰਹਾਉ॥**

- ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਜਿਨ੍ਹਾਂ ਨੂੰ ਨਾਮ ਵਿਸਰ ਜਾਂਦਾ ਹੈ। ਉਹ ਮਰ ਹੀ ਕਿਉਂ ਨਹੀਂ ਜਾਂਦੇ !

ਪਾਤਸ਼ਾਹ ੧੧੪੮ ਪੰਨੇ ਤੇ ਇਸੇ ਗਲ ਦਾ ਖੁਲਾਸਾ ਕਰਦੇ ਹਨ ਕਿ ਜੋ ਨਾਮ ਨਹੀਂ ਜਪਦੇ ਉਹ ਸੁਖ ਦੀ ਨੀਂਦਰ ਹੀ ਕਿਉਂ ਸੌਂਦੇ ਹਨ ਅਤੇ ਸ਼ਰਮ ਨਾਲ ਮਰ ਹੀ ਕਿਉਂ ਨਹੀਂ ਜਾਂਦੇ - 'ਲਾਜ ਮਰੈ ਜੋ ਨਾਮੁ ਨ ਲੇਵੈ॥ ਨਾਮ ਬਿਹੂਨ ਸੁਖੀ ਕਿਉ ਸੋਵੈ॥' ਅਗੋਂ ਦਸਦੇ ਹਨ : ਕਿਉਂਕਿ ਹਰੀ ਦੇ ਸਿਮਰਨ ਤੋਂ ਬਿਨਾਂ ਗੋਬਿੰਦ ਦੀ ਪ੍ਰਾਪਤੀ ਦੀ ਇਛਾ ਕਰਣਾ ਇੰਵ ਹੈ ਜਿਵੇਂ ਜੜ੍ਹ ਬਿਨਾਂ ਟਹਿਣੀ ਦੇ ਉਗਣ ਦੀ ਆਸ ਕਰਣਾ 'ਹਰਿ ਸਿਮਰਨੁ ਛਾਡਿ ਪਰਮ ਗਤਿ ਚਾਹੈ॥ ਮੂਲ ਬਿਨਾ ਸਾਖਾ ਕਤ ਆਹੈ॥'

- ਨਾਮ ਸਿਮਰੇ ਤੋਂ ਬਿਨਾਂ ਇਹ ਜੀਵਨ ਕਿਸੇ ਕੰਮ ਨਹੀਂ, ਵਿਅਰਥ ਹੈ।੧।ਰਹਾਉ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵੀ, ੧੨੮ ਪੰਨੇ ਤੇ, ਅਜਿਹਾ ਹੀ ਫ਼ੁਰਮਾਣ ਕਰਦੇ ਹਨ ਕਿ ਮਾਇਆ ਵਿਚ ਫ਼ਸ ਕੇ, ਹਰੀ ਦੇ ਨਾਮ ਭਜਨ ਤੋਂ ਬਿਨਾਂ ਇਹ ਜੀਵਨ ਕਿਸੇ ਕੰਮ ਨਹੀਂ - 'ਮਨੁ ਮਾਇਆ ਮੈ ਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ॥ ਕਹੁ ਨਾਨਕ ਬਿਨੁ ਹਰਿ ਭਜਨ ਜੀਵਨ ਕਉਨੇ ਕਾਮ॥'

**ਖਾਤ ਪੀਤ ਖੇਲਤ ਹਸਤ ਬਿਸਥਾਰ॥**
**ਕਵਨ ਅਰਥ ਮਿਰਤਕ ਸੀਗਾਰ॥੨॥**

- ਹਰੀ ਦੇ ਨਾਮ ਸਿਮਰਨ ਤੋਂ ਬਿਨਾਂ ਖਾਣਾ, ਪੀਣਾ, ਖੇਡਣਾ, ਹਸਣਾ ਅਤੇ ਹੋਰ ਵਿਸਥਾਰ ਕਰਨੇ ਇੰਵ ਹਨ ਜਿਵੇਂ

- ਮੁਰਦਾ ਸਰੀਰ ਦਾ ਸ਼ਿੰਗਾਰ ਵਿਅਰਥ ਹੈ।੨।

ਸ੍ਰੀ ਗੁਰੂ ਨਾਨਕ ਸਾਹਿਬ ਦਾ, ੩੫੧ ਪੰਨੇ ਤੇ, ਫ਼ੁਰਮਾਣ ਹੈ ਨਾਮ ਜਪੇ ਬਿਨਾਂ ਹੋਰ ਖਾਣਾ ਪੀਣਾ ਤੇ ਹਸਣਾ ਆਦਿ ਸਭ ਬਾਦੀ, ਭਾਵ, ਨੁਕਸਾਨ ਦੇਹ ਹਨ- 'ਖਾਣਾ ਪੀਣਾ ਹਸਣਾ ਬਾਦਿ॥ ਜਬ ਲਗੁ ਰਿਦੈ ਨ ਆਵਹਿ ਯਾਦਿ॥' ਸ੍ਰੀ ਗੁਰੂ ਅਰਜਨ ਸਾਹਿਬ ਦਾ ਵੀ, ੨੪੦ ਪੰਨੇ ਤੇ, ਫ਼ਰਮਾਣ ਹੈ ਕਿ ਨਾਮ ਜਪੇ ਬਿਨਾਂ ਹੋਰ ਸਾਰੇ ਕੰਮ ਵਿਅਰਥ ਹਨ ਜਿਵੇਂ ਮੁਰਦੇ ਲਈ ਸ਼ਿੰਗਾਰ ਵਿਅਰਥ ਹੈ- 'ਨਾਮ ਬਿਨਾ ਜੇਤਾ ਬਿਉਹਾਰੁ॥ ਜਿਉ ਮਿਰਤਕ ਮਿਥਿਆ ਸੀਗਾਰੁ॥'

**ਜੋ ਨ ਸੁਨਹਿ ਜਸੁ ਪਰਮਾਨੰਦਾ॥**
**ਪਸੁ ਪੰਖੀ ਤ੍ਰਿਗਦ ਜੋਨਿ ਤੇ ਮੰਦਾ॥੩॥**

- ਜੋ ਮਨੁਖ ਉਸ ਪਰਮ-ਅਨੰਦ ਦੇ ਸੋਮੇ ਭਾਵ ਵਾਹਿਗੁਰੂ ਦਾ ਜਸ ਨਹੀਂ ਸੁਣਦੇ ਕਰਦੇ, ਸਿਮਰਨ ਨਹੀਂ ਕਰਦੇ ਉਹ
- ਪਸ਼ੂ, ਪੰਛੀ ਤੇ ਪੇਟ ਭਾਰ ਚਲਣ ਵਾਲੀਆਂ ਜੂਨਾਂ ਤੋਂ ਵੀ ਮਾੜੇ ਹਨ।੩।

ਸ੍ਰੀ ਗੁਰੂ ਅਰਜਨ ਸਾਹਿਬ, ੧੩੫੬ ਪੰਨੇ ਤੇ, ਫ਼ੁਰਮਾਣ ਕਰਦੇ ਹਨ ਕਿ ਜੋ ਪ੍ਰਾਣੀ ਗੁਰਮੰਤਰ ਦਾ ਜਾਪ ਨਹੀਂ ਜਪਦੇ ਉਨ੍ਹਾਂ ਦਾ ਜਨਮ ਧਿਕਾਰ ਜੋਗ ਹੈ ਅਤੇ ਉਨ੍ਹਾਂ ਦਾ ਜੀਵਨ ਪਲੀਤ ਹੈ। ਉਹ ਮੂਰਖ ਬੰਦਾ, ਕੁਤਾ, ਸੂਰ, ਗਧਾ, ਕਾਂ, ਸੱਪ ਦੀ ਨਿਆਈਂ ਹੈ - 'ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥ ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥' ਪੰਜਵੇਂ ਪਾਤਸ਼ਾਹ ਵੀ, ੨੫੧ ਪੰਨੇ ਤੇ, ਫ਼ੁਰਮਾਣ ਕਰਦੇ ਹਨ ਕਿ ਸਿਮਰਨ ਕਰਦਿਆਂ ਗੋਬਿੰਦ ਨੂੰ ਬੁਝੇ ਬਿਨਾਂ ਮਨੁਖ ਪਸ਼ੂ ਹੈ, ਮਹਾਂ ਮੂਰਖ ਹੈ - 'ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ॥'

**ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ॥**
**ਕੇਵਲ ਨਾਮੁ ਰਿਦ ਮਾਹਿ ਸਮਾਇਆ॥੪॥੪੨॥੧੧੧॥**

- **ਅਸਲ ਢੰਗ ਹੈ ਗੁਰੂ ਦਾ ਦਿਤਾ ਮੰਤਰ, ਵਾਹਗੁਰੂ, ਦ੍ਰਿੜ ਕਰਨਾ, ਭਾਵ, ਇਸ ਨੂੰ ਜਪ ਜਪ ਕੇ ਹਿਰਦੇ ਵਿਚ ਪੱਕਾ ਕਰ ਲੈਣਾ, ਵਸਾ ਲੈਣਾ।**

- **ਇਸ ਤਰ੍ਹਾਂ ਹੀ ਸਿਰਫ਼ ਵਾਹਗੁਰੂ ਦਾ ਨਾਮ ਗੁਰੂ ਦੀ ਕਿਰਪਾ ਸਦਕਾ, ਹਿਰਦੇ ਵਿਚ ਸਮਾ ਜਾਂਦਾ ਹੈ ਅਤੇ ਨਾਮ ਤੋਂ ਬਿਨਾਂ ਹੋਰ ਸਭ ਕੁਝ ਹਿਰਦੇ ਵਿਚੋਂ ਖ਼ਤਮ ਹੋ ਜਾਂਦਾ ਹੈ।੪।੪੨।੧੧੧।**

ਪਾਤਸ਼ਾਹ, ੧੩੭ ਪੰਨੇ ਤੇ ਵੀ ਇੰਞ ਹੀ ਬਚਨ ਕਰਦੇ ਹਨ ਕਿ ਗੁਰੂ ਦੇ ਦਿਤੇ ਨਿਰਮਲ ਮੰਤਰ ਦੁਆਰਾ ਨਾਮ ਜਪੀਏ।... ਇੰਞ ਕਰਣ ਨਾਲ ਜੀਵ ਦੀ ਗੋਬਿੰਦ ਨੂੰ, ਆਪਣੇ ਅਸਲ ਸੁਆਮੀ-ਪਤੀ ਨੂੰ ਮਿਲਣ ਦੀ ਤਾਂਘ ਪੂਰੀ ਹੋ ਜਾਵੇਗੀ - 'ਗੁਰ ਸਬਦੀ ਆਰਾਧੀਐ ਜਪੀਐ ਨਿਰਮਲ ਮੰਤੁ॥ ਜੀਅ ਕੀ ਲੋਚਾ ਪੂਰੀਐ ਮਿਲੈ ਸੁਆਮੀ ਕੰਤੁ॥' ਪੰਨਾ ੮੯੫ ਤੇ ਵੀ ਗੁਰੂ ਦੇ ਦਿਤੇ ਮੰਤਰ ਦਾ ਜਾਪ ਕਰਣਾ ਹੀ ਭਗਤੀ ਦਾ ਤੱਤ ਦਸਿਆ ਹੈ - 'ਗੁਰ ਕਾ ਬਚਨੁ ਜਪਿ ਮੰਤੁ॥ ਏਹਾ ਭਗਤਿ ਸਾਰ ਤਤੁ॥' ਜਿਸਦੇ ਹਿਰਦੇ ਵਿਚੋਂ ਸਭ ਕੁਝ ਛੱਡ ਕੇ ਸਿਰਫ਼ ਨਾਮ ਸਮਾ ਜਾਂਦਾ ਹੈ ਗੁਰੂ ਸਾਹਿਬ ਉਸ ਤੋਂ ਬਲਿਹਾਰ ਜਾਂਦੇ ਹਨ - 'ਹਉ ਤਾ ਕੈ ਬਲਿਹਾਰੀ॥ ਜਾ ਕੇ ਕੇਵਲ ਨਾਮੁ ਅਧਾਰੀ॥', ਅੰਕ ੨੦੭.

